(ਸੇਵਾਵਾਂ-3 ਸਾਖਾ)

ਸੇਵਾ ਵਿਖੇ

ਮੰਡਲ ਸਿੱਖਿਆ ਅਫਸਰ, ਅਤੀ ਜਰੂਰੀ/ਮਿਤੀ ਬੱਧ
ਨਾਭਾ, ਫਰੀਦਕੋਟ, ਜਲੰਧਰ।

ਮੀਮੋ ਨੰਬਰ: 14/185-16 ਸੇ3 (4)
ਮਿਤੀ :

ਵਿਸ਼ਾ:- ਮਿਤੀ 31-03-2017 ਤੱਕ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ) ਗਰੁੱਪ ਏ ਦੀਆਂ ਰਿਟਾਇਰਮੈਂਟ ਕਾਰਨ ਖਾਲੀ ਹੋ ਰਹੀਆਂ ਅਸਾਮੀਆਂ ਤੇ ਤਰੱਕੀ ਕਰਨ ਸਬੰਧੀ।

ਹਵਾਲਾ:- ਇਸ ਦਫਤਰ ਦੇ ਮੀਮੋ ਨੰ: 14/244-15 ਸੇ1(40/6141-42 ਮਿਤੀ 03-12-15 ਦੀ ਲਗਾਤਾਰਤਾ ਵਿਚ।

ਇਸ ਸਬੰਧ ਵਿਚ ਲਿਖਿਆ ਜਾਦਾ ਹੈ ਕਿ ਵਿਭਾਗ ਵਲੋਂ ਹਵਾਲਾ ਅਧੀਨ ਪੱਤਰਾਂ ਰਾਹੀਂ ਲੈਕਚਰਾਰ ਤੋਂ ਬਤੌਰ ਪੀ.ਈ.ਐਸ ਗਰੁੱਪ ਏ ਦੀਆਂ ਤਰੱਕੀਆਂ ਕਰਨ ਸਬੰਧੀ ਜਨਰਲ ਵਰਗ ਦੇ ਸੀਨੀਆਰਤਾ ਨੰ: 1850 ਤੱਕ, ਅਨੁਸੂਚਿਤ ਜਾਤੀ ਵਰਗ ਦੇ ਸੀਨੀਆਰਤਾ ਨੰ: 2500 ਤੱਕ ਅਤੇ ਅੰਗਹੀਣ ਕੈਟਾਗਰੀ ਦੇ ਸੀਨੀਆਰਤਾ ਨੰ: 5000 ਤੱਕ ਕੇਸ ਮੰਗੇ ਗਏ ਸਨ। ਹੁਣ ਮੁੜ ਵਿਭਾਗ ਵਲੋਂ ਫੈਸਲਾ ਲਿਆ ਹੈ ਕਿ ਮਿਤੀ 31-03-2017 ਤੱਕ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ) ਗਰੁੱਪ ਏ ਦੀਆਂ ਰਿਟਾਇਰਮੈਂਟ ਕਾਰਨ ਖਾਲੀ ਹੋਣ ਵਾਲੀਆਂ ਅਸਾਮੀਆਂ ਤੇ ਹੋਰ ਕੇਸ ਮੰਗੇ ਜਾਣ।

ਇਸ ਲਈ ਜਨਰਲ ਵਰਗ ਦੇ ਸੀਨੀਆਰਤਾ ਨੰ: 1850 ਤੱਕ ਜੇਕਰ ਕੋਈ ਕੇਸ ਭੇਜਣ ਤੋਂ ਰਹਿ ਗਿਆ ਹੋਵੇ ਤਾਂ ਉਹ ਵੀ ਭੇਜ ਦਿੱਤੇ ਜਾਣ। ਅਨੁਸੂਚਿਤ ਜਾਤੀ ਦੇ ਸੀਨੀਆਰਤਾ ਨੰ: 2530 ਤੱਕ ਅਤੇ ਅੰਗਹੀਣ ਕੈਟਾਗਰੀ ਵਿਚੋਂ ਨੇਤਰਹੀਣ/ਅੰਸਿਕ ਨੇਤਰਹੀਣ/ਗੂੰਗੇ ਬੋਲੇ ਦੇ ਕੇਸ ਸੀਨੀਆਰਤਾ ਨੰ: 5500 ਤੱਕ ਹਰ ਪੱਖ ਤੋਂ ਮੁਕੰਮਲ ਕਰਕੇ ਇਸ ਦਫਤਰ ਦੀ ਸੇਵਾਵਾਂ-3 ਸਾਖਾ ਵਿਚ ਸਕੰਲਿਤ ਰੂਪ ਵਿਚ ਮਿਤੀ 15-07-16 ਨੂੰ ਹਰ ਹਾਲ ਵਿਚ ਦਸਤੀ ਪੁੱਜਦੇ ਕੀਤੇ ਜਾਣ।

ਇਹ ਵੀ ਯਕੀਨੀ ਬਣਾਇਆ ਜਾਵੇ ਕਿ ਉਪਰੋਕਤ ਹਵਾਲਾ ਅਧੀਨ ਪੱਤਰ ਵਿਚ ਦਰਜ ਸਾਰੇ ਦਸਤਾਵੇਜ ਨੱਥੀ ਕੀਤੇ ਜਾਣ ਅਤੇ ਸਾਲ 2010-11 ਤੋਂ 2014-15 ਤੱਕ ਦੀਆਂ ਗੁਪਤ ਰਿਪੋਰਟਾਂ ਅਸਲ ਭੇਜੀਆਂ ਜਾਣ।

ਰਜਿਸਟਰਾਰ ਸਿੱਖਿਆ ਵਿਭਾਗ

ਪਿੱਠ ਅੰਕਣ ਨੰ: ਉਕਤ ਮਿਤੀ: 8-7-16

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ (ਸਿੱਖਿਆ-4 ਸਾਖਾ) ਨੂੰ ਸਰਕਾਰ ਦੇ ਮੀਮੋ ਨੰ: 1/83/15-2ਸਿ4(ਪ.ਫ.-1)/787136/1 ਮਿਤੀ 30-06-16 ਦੇ ਸਬੰਧ ਵਿਚ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ.ਨਗਰ।
3. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ, ਐਸ.ਏ.ਐਸ.ਨਗਰ।
4. ਡਾਇਰੈਕਟਰ ਸਿੱਖਿਆ ਵਿਭਾਗ (ਚੰਡੀਗੜ੍ਹ ਪ੍ਰਸਾਸਨ), ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਰਾਜ ਤੋਂ ਚੰਡੀਗੜ੍ਹ ਪ੍ਰਸਾਸਨ ਅਧੀਨ ਡੈਪੂਟੇਸਨ ਤੇ ਕੰਮ ਕਰਦੇ ਲੈਕਚਰਾਰਾਂ ਦੇ ਕੇਸ ਉਪਰੋਕਤ ਦਰਸਾਏ ਅਨੁਸਾਰ ਹਰ ਪੱਖ ਤੋਂ ਮੁਕੰਮਲ ਕਰਕੇ ਇਸ ਡਾਇਰੈਕਟੋਰੇਟ ਨੂੰ ਦਸਤੀ ਪੁੱਜਦੇ ਕੀਤੇ ਜਾਣ।
5. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਭੇਜ ਕੇ ਲਿਖਿਆ ਜਾਦਾ ਹੈ ਕਿ ਉਨ੍ਹਾਂ ਦੇ ਅਧੀਨ ਕੰਮ ਕਰਦੇ ਲੈਕਚਰਾਰ ਕਾਡਰ ਦੇ ਕੇਸ ਸਬੰਧਤ ਮੰਡਲ ਸਿੱਖਿਆ ਅਫਸਰ ਨੂੰ ਪੁੱਜਦੇ ਕੀਤੇ ਜਾਣ।
6. ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲਜ, ਡਾਇਟਜ ਅਤੇ ਇੰਨ ਸਰਵਿਸ ਟ੍ਰੇਨਿੰਗ ਸੈਂਟਰ ਨੂੰ ਲਿਖਿਆ ਜਾਦਾ ਹੈ ਕਿ ਉਨ੍ਹਾਂ ਦੀ ਸੰਸਥਾ ਵਿਚ ਕੰਮ ਕਰਦੇ ਲੈਕਚਰਾਰਾਂ ਦੇ ਕੇਸ ਸਬੰਧਤ ਮੰਡਲ ਸਿੱਖਿਆ ਅਫਸਰ ਨੂੰ ਦਸਤੀ ਪੁੱਜਦੇ ਕੀਤੇ ਜਾਣ।

ਰਜਿਸਟਰਾਰ ਸਿੱਖਿਆ ਵਿਭਾਗ

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ ਸਿ) ਅੰਮ੍ਰਿਤਸਰ

ਪਿਠ ਅੰਕਣ ਨੰ: ਅ-2/2016/-6541 ਮਿਤੀ: 12-7-16

ਉਤਾਰਾ ਪ੍ਰਿੰਸੀਪਲ ਸਮੂਹ ਜਿਲ੍ਹਾ ਅੰਮ੍ਰਿਤਸਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਅਨੁਸਾਰ ਮੰਗੇ ਕੇਸ ਹਰ ਪੱਖੋਂ ਮੁਕੰਮਲ ਕਰਕੇ ਹਰ ਹਾਲਤ ਮਿਤੀ 13-7-16 ਤੱਕ ਇਸ ਦਫਤਰ ਨੂੰ ਭੇਜੇ ਜਾਣ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਅੰਮ੍ਰਿਤਸਰ